# ਵਾਲ ਅਤੇ ਸੀਲਿੰਗ ਇਨਸਟਾਲਰ

## ਇਸ ਕਿੱਤੇ ਬਾਰੇ

ਵਾਲ ਅਤੇ ਸੀਲਿੰਗ ਇਨਸਟਾਲਰ ਅੰਦਰਲੀਆਂ ਕੰਧਾਂ ਨੂੰ ਫਰੇਮ ਕਰਦੇ ਹਨ ਅਤੇ ਵਿੰਡੋ ਫਰੇਮ, ਦਰਵਾਜ਼ੇ, ਪਾਰਟੀਸ਼ਨਾਂ ਅਤੇ ਕੰਪਿਊਟਰ ਫਲੋਰਾਂ ਇਨਸਟਾਲ ਕਰਦੇ ਹਨ। ਉਹ ਡਰਾਈਵਾਲ, ਟੀ-ਬਾਰ ਸੀਲਿੰਗਜ਼ ਅਤੇ ਲਟਕਦੀਆਂ ਸੀਲਿੰਗਜ਼ ਟੰਗਦੇ ਹਨ।



"ਮੈਂ ਆਪਣਾ ਕੰਮ ਪਸੰਦ ਕਰਦਾ ਹਾਂ ਅਤੇ ਪ੍ਰੋਜੈਕਟ `ਤੇ ਸਭ ਤੋਂ ਪਹਿਲਾਂ ਆਉਣ ਅਤੇ ਸਭ ਤੋਂ ਬਾਅਦ ਵਿਚ ਜਾਣ ਵਾਲਿਆਂ ਵਿੱਚੋਂ ਇਕ ਹੁੰਦਾ ਹਾਂ।"

### ਘੰਟੇ ਦੀ ਤਨਖਾਹ

**$20.00-$36.00**

*2020 ਦੇ ਰੇਟ

### ਅਨੁਮਾਨਤ ਵਾਧਾ (ਕਨਸਟਰੱਕਸ਼ਨ ਲੇਬਰ ਫੋਰਸ)

2020 ਦੇ ਮੁਕਾਬਲੇ ਦਹਾਕੇ ਦੌਰਾਨ 10%

*BuildForce Canada*

- ✓ ਤੁਸੀਂ ਬਲੂਪ੍ਰਿੰਟਸ ਨੂੰ ਪੜ੍ਹ ਸਕਦੇ ਹੋ ਅਤੇ ਇਨ੍ਹਾਂ ਨੂੰ ਸਮਝ ਸਕਦੇ ਹੋ।
- ✓ ਤੁਸੀਂ ਹੱਥਾਂ ਦੇ ਫੁਰਤੀਲੇ ਹੋ।
- ✓ ਤੁਹਾਡਾ ਹੱਥਾਂ-ਅੱਖਾਂ ਦਾ ਚੰਗਾ ਤਾਲਮੇਲ ਹੈ।

## ਜ਼ਿੰਮੇਵਾਰੀਆਂ

- ਕਿਸੇ ਪ੍ਰੋਜੈਕਟ ਲਈ ਕੰਧਾਂ ਅਤੇ ਸੀਲਿੰਗਾਂ ਦਾ ਖਾਕਾ ਤਿਆਰ ਕਰਨ ਲਈ ਆਰਕੀਟੈਕਚਰਲ ਬਲੂਪ੍ਰਿੰਟਸ ਦੀ ਵਰਤੋਂ ਕਰਨਾ
- ਅੰਦਰਲੀਆਂ ਅਤੇ ਬਾਹਰਲੀਆਂ ਕੰਧਾਂ, ਸੀਲਿੰਗਾਂ ਅਤੇ ਪਾਰਟੀਸ਼ਨਾਂ ਨੂੰ ਜੋੜਨਾ
- ਪਰੈਸਡ-ਸਟੀਲ ਡੋਰ ਤੇ ਵਿੰਡੋ ਫਰੇਮਾਂ ਨੂੰ ਇਨਸਟਾਲ ਕਰਨਾ
- ਆਵਾਜ਼ ਜਾਂ ਥਰਮਲ ਹਾਲਤਾਂ ਲਈ ਕੰਧਾਂ ਨੂੰ ਇਨਸੂਲੇਟ ਕਰਨਾ
- ਸੀਲਿੰਗ ਦੇ ਕੰਮ ਦੀਆਂ ਤਬਦੀਲੀਆਂ ਵਿਚ ਸ਼ਾਮਲ ਹੋਣਾ ਜਿਵੇਂ ਕਿ ਟੀ-ਬਾਰ ਅਤੇ ਗੁੰਝਲਦਾਰ ਸੀਲਿੰਗਾਂ
- ਕੰਪਿਊਟਰ ਦੀ ਵਰਤੋਂ ਵਾਲੀ ਫਲੋਰਿੰਗ ਇਨਸਟਾਲ ਕਰਨਾ

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

### ਦਾਖਲੇ ਦੀਆਂ ਸ਼ਰਤਾਂ

**ਹਾਈ ਸਕੂਲ (ਸਿਫਾਰਸ਼ ਕੀਤੀਆਂ ਜਾਂਦੀਆਂ ਸ਼ਰਤਾਂ):**

- ਗਰੇਡ 12 ਦੀ ਸਿਫਾਰਸ਼ ਕੀਤੀ ਜਾਂਦੀ ਹੈ

**ਅਪਰੈਂਟਿਸਸ਼ਿਪ ਪ੍ਰੋਗਰਾਮ:**

4 ਸਾਲ ਦੀ ਟਰੇਨਿੰਗ, ਜਿਸ ਵਿਚ 6,000 ਘੰਟਿਆਂ ਦੀ ਕੰਮ `ਤੇ ਆਧਾਰਿਤ ਟਰੇਨਿੰਗ ਅਤੇ 540 ਘੰਟਿਆਂ ਦੀ ਟੈਕਨੀਕਲ ਟਰੇਨਿੰਗ ਅਤੇ ਇਮਤਿਹਾਨ ਸ਼ਾਮਲ ਹਨ। ਕਾਮਯਾਬੀ ਨਾਲ ਸਮਾਪਤੀ ਤੋਂ ਬਾਅਦ ਜਰਨੀਪਰਸਨ ਸਰਟੀਫਿਕੇਟ ਦਿੱਤਾ ਜਾਂਦਾ ਹੈ। ਅਪਰੈਂਟਿਸ ਦੇ ਤੌਰ `ਤੇ, ਤੁਸੀਂ ਸਿੱਖਣ ਵੇਲੇ ਪੈਸੇ ਵੀ ਕਮਾਉਂਦੇ ਹੋ।

### ਮੁੱਖ ਹੁਨਰ ਅਤੇ ਗੁਣ

(ਟੈਕਨੀਕਲ ਟਰੇਨਿੰਗ ਅਤੇ ਜੌਬ ਉੱਪਰ)

- ਹਿਸਾਬ ਅਤੇ ਸਮੱਸਿਆ ਦਾ ਹੱਲ ਕਰਨ ਦੇ ਵਧੀਆ ਹੁਨਰ
- ਸਰੀਰਕ ਤੰਦਰੁਸਤੀ
- ਹੱਥਾਂ ਦੀ ਫੁਰਤੀ ਅਤੇ ਚੰਗਾ ਸੰਤੁਲਨ
- ਬਲੂਪ੍ਰਿੰਟਸ ਅਤੇ ਕੋਡਜ਼ ਨੂੰ ਸਮਝਣ ਦੀ ਸਮਰੱਥਾ
- ਵੱਖ ਵੱਖ ਮੌਸਮਾਂ ਵਿਚ ਬਾਹਰ ਕੰਮ ਕਰਨ ਦੀ ਸਮਰੱਥਾ
- ਸਾਥੀ ਵਰਕਰਾਂ ਨਾਲ ਚੰਗੀ ਤਰ੍ਹਾਂ ਪੇਸ਼ ਆਉਣ ਦੀ ਸਮਰੱਥਾ
- ਉਚਾਈਆਂ `ਤੇ ਕੰਮ ਕਰਨ ਦੀ ਸਮਰੱਥਾ

College of the BC Building Trades

**ਕੀ ਤੁਹਾਨੂੰ ਪਤਾ ਸੀ?**

ਵਾਲ ਅਤੇ ਸੀਲਿੰਗ ਇਨਸਟਾਲਰ ਕਮਰਸ਼ੀਅਲ ਕਨਸਟਰੱਕਸ਼ਨ ਦੇ ਬਹੁਤੇ ਪ੍ਰੋਜੈਕਟਾਂ ਲਈ ਰਫਤਾਰ ਸੈੱਟ ਕਰਦੇ ਹਨ। ਉਹ ਪ੍ਰੋਜੈਕਟ ਵਾਲੀ ਥਾਂ `ਤੇ ਪਹਿਲੇ ਟਰੇਡਜ਼ ਵਿੱਚੋਂ ਇਕ ਹੁੰਦੇ ਹਨ (ਕੰਕਰੀਟ ਪੈਣ ਤੋਂ ਬਾਅਦ) ਅਤੇ ਥਾਂ `ਤੇ ਆਖਰੀ ਟਰੇਡਜ਼ ਵਿੱਚੋਂ ਇਕ ਹੁੰਦੇ ਹਨ (ਸੀਲਿੰਗ ਟਾਇਲ ਇਨਸਟਾਲ ਕਰਨ ਲਈ)

info@collegeofthebcbt.ca | www.collegeofthebcbt.ca